ਡਿਵੈਲਪਮੈਂਟ ਡਿਸਅਬਿਲਿਟੀਜ਼ ਐਡਮਿਨਿਸਟ੍ਰੇਸ਼ਨ (ਡੀ ਡੀ ਏ) (DEVELOPMENTAL DISABILITIES ADMINISTRATION, DDA)

# ਯੋਗਤਾ ਦੀ ਸਮੀਖਿਆ ਦੀ ਸੂਚਨਾ

ਤਾਰੀਖ:

ਗਾਹਕ ਦਾ ਨਾਮ ਅਤੇ ਪਤਾ

ਗਾਹਕ ਦੇ ਪ੍ਰਤੀਨਿਧੀ ਦਾ ਨਾਮ ਅਤੇ ਪਤਾ

**ਜੁਆਬ: ਹੇਠ ਲਿਖੇ ਲਈ ਯੋਗਤਾ ਦੀ ਸਮੀਖਿਆ ਦੀ ਸੂਚਨਾ ______**

ਤੁਸੀਂ ਇਸ ਸਮੇਂ ਡਿਵੈਲਪਮੈਂਟ ਡਿਸਅਬਿਲਿਟੀਜ਼ ਐਡਮਿਨਿਸਟ੍ਰੇਸ਼ਨ (ਡੀ ਡੀ ਏ) ਦੇ ਗਾਹਕ ਹੋ। DDA ਦੇ ਯੋਗਤਾ ਸਬੰਧੀ ਨਿਯਮਾਂ ਨੂੰ ਕਈ ਸਮੇਂ ਤੇ ਯੋਗਤਾ ਦੀ ਸਮੀਖਿਆ ਦੀ ਜਰੂਰਤ ਹੁੰਦੀ ਹੈ। ਸਾਨੂੰ DDA ਲਈ ਹੇਠ ਲਿਖੀਆਂ ਸ਼ਰਤਾਂ ਵਿੱਚੋਂ ਇੱਕ ਦੇ ਅਧੀਨ ਤੁਹਾਡੀ ਯੋਗਤਾ ਨੂੰ ਬਰਕਰਾਰ ਰੱਖਣ ਲਈ ਹੋਰ ਜਾਣਕਾਰੀ ਦੀ ਜਰੂਰਤ ਹੈ। ਬੌਧਿਕ ਅਪਾਹਜਤਾ, ਦਿਮਾਗ਼ੀ ਅਧਰੰਗ, ਮਿਰਗੀ, ਔਟਿਜ਼ਮ **ਜਾਂ** ਬੌਧਿਕ ਅਯੋਗਤਾ ਦੀ ਤਰ੍ਹਾਂ ਦੀ ਹੋਰ ਨਿਊਰੋਲੌਜੀਕਲ ਜਾਂ ਹੋਰ ਤਕਲੀਫ਼। ਤੁਹਾਨੂੰ ਇਹ ਦੱਸਣ ਲਈ ਕਿ ਕਿਸ ਜਾਣਕਾਰੀ ਦੀ ਜਰੂਰਤ ਹੈ, ਅਸੀਂ ਲੋੜੀਂਦੇ ਦਸਤਾਵੇਜ਼ਾਂ ਦੀ ਸਾਰਣੀ (Required Documentation Table) ਨੂੰ ਨੱਥੀ ਕੀਤਾ ਹੈ।

**ਤੁਹਾਨੂੰ ਕੀ ਕਰਨ ਦੀ ਜਰੂਰਤ ਹੈ?**

DDA ਤੁਹਾਨੂੰ ਇਸ ਪੁਨਰ-ਨਿਰਧਾਰਣ ਲਈ ਜ਼ਰੂਰੀ ਜਾਣਕਾਰੀ ਭੇਜਣ ਵਿੱਚ ਖੁਸ਼ੀ ਮਹਿਸੂਸ ਕਰੇਗਾ। ਜੇ ਤੁਸੀਂ ਚਾਹੁੰਦੇ ਹੋ ਕਿ DDA ਤੁਹਾਨੂੰ ਇਹ ਜਾਣਕਾਰੀ ਦੇਵੇ, ਕਿਰਪਾ ਕਰਕੇ ਨੱਥੀ ਕੀਤਾ ਸਹਿਮਤੀ ਫਾਰਮ ਹੇਠ ਦਿੱਤੇ ਅਨੁਸਾਰ ਭਰੋ:

1. ਸੰਪਰਕ ਜਾਣਕਾਰੀ ਸਮੇਤ ਸਹਿਮਤੀ ਫਾਰਮ ਤੇ ਉਨ੍ਹਾਂ ਥਾਵਾਂ, ਪ੍ਰਦਾਤਾਵਾਂ ਅਤੇ ਸਹੂਲਤਾਂ ਨੂੰ ਦਰਸਾਓ ਜਿਨ੍ਹਾਂ ਨੂੰ ਅਸੀਂ ਜਾਣਕਾਰੀ ਲਈ ਬੇਨਤੀ ਕਰ ਸਕਦੇ ਹਾਂ;
2. ਨੱਥੀ ਕੀਤੇ ਸਹਿਮਤੀ ਫਾਰਮ(ਜ਼) 'ਤੇ ਦਸਤਖਤ ਕਰੋ; ਅਤੇ
3. ਇਸ ਨੂੰ DDA ਨੂੰ ਨੱਥੀ ਕੀਤੇ ਪਤੇ ਵਾਲੇ ਲਿਫ਼ਾਫ਼ੇ ਵਿੱਚ ਪਾ ਕੇ ਵਾਪਸ ਭੇਜੋ।

**ਜੇ ਮੈਂ ਇਸ ਬੇਨਤੀ ਦਾ ਜਵਾਬ ਨਾ ਦੇਵਾਂ ਤਾਂ ਕੀ ਹੁੰਦਾ ਹੈ?**

ਜੇ ਸਾਨੂੰ ਤੁਹਾਡੇ ਤੋਂ ਕੋਈ ਜਵਾਬ ਨਹੀਂ ਮਿਲਦਾ, ਤਾਂ ਅਸੀਂ ਤੁਹਾਡੀ ਗਾਹਕ ਫਾਈਲ ਵਿੱਚ ਸਾਡੇ ਲਈ ਉਪਲਬਧ ਜਾਣਕਾਰੀ ਦੀ ਵਰਤੋਂ ਕਰਦਿਆਂ ਤੁਹਾਡੀ ਯੋਗਤਾ ਦੀ ਸਮੀਖਿਆ ਕਰਾਂਗੇ। ਜੇ ਯੋਗਤਾ ਦੇ ਫੈਸਲੇ ਦੀ ਪੁਸ਼ਟੀ ਕਰਨ ਲਈ ਲੋੜੀਂਦੀ ਜਾਣਕਾਰੀ ਨਹੀਂ ਹੈ, ਤਾਂ DDA ਲਈ ਤੁਹਾਡੀ ਯੋਗਤਾ ਖਤਮ ਹੋ ਜਾਵੇਗੀ।

ਸੇਵਾ ਵਿੱਚ ਕਿਸੇ ਵੀ ਰੁਕਾਵਟ ਤੋਂ ਬਚਣ ਲਈ ਜਿੰਨੀ ਜਲਦੀ ਹੋ ਸਕੇ ਜਵਾਬ ਦਿਓ, ਪਰ ______ ਤੋਂ ਬਾਅਦ ਨਹੀਂ।

ਜੇ ਸਾਨੂੰ ਇਸ ਤਾਰੀਖ ਤਕ ਤੁਹਾਡੇ ਤੋਂ ਕੋਈ ਜਵਾਬ ਨਹੀਂ ਮਿਲਦਾ, ਤਾਂ ਅਸੀਂ ਤੁਹਾਡੀ ਫਾਈਲ ਵਿੱਚ ਦਿੱਤੀ ਜਾਣਕਾਰੀ ਦੇ ਅਧਾਰ ਤੇ ਯੋਗਤਾ ਨਿਰਧਾਰਤ ਕਰਾਂਗੇ।

ਜੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਸੰਪਰਕ ਕਰੋ:

| ਨਾਮ | ਟੈਲੀਫੋਨ ਨੰਬਰ | ਈ-ਮੇਲ ਪਤਾ |
|---|---|---|

ਯੋਗਤਾਤੇ ਲਾਗੂ ਹੁੰਦੇ ਰਾਜ ਦੇ ਨਿਯਮਾਂ (WAC 388-823) ਦੀ ਇੱਕ ਕਾਪੀ ਬੇਨਤੀ ਕਰਨ ਤੇ ਜਾਂ ਆਨਲਾਈਨ ਇਸਤੇ ਉਪਲਬਧ ਹੈ https://www.dshs.wa.gov/dda/consumers-and-families/eligibility.

ਨੱਥੀ ਦਸਤਾਵੇਜ਼: ਲੋੜੀਂਦੇ ਦਸਤਾਵੇਜ਼ਾਂ ਦੀ ਸਾਰਣੀ
ਸਹਿਮਤੀ ਫਾਰਮ (DSHS 14-012)

ਨਕਲ ਕਾਪੀ: ਗਾਹਕ ਦੀ ਫਾਈਲ

**ਲੋੜੀਂਦੇ ਦਸਤਾਵੇਜ਼ਾਂ ਦੀ ਸਾਰਣੀ**

| ਅਸਮਰੱਥਾ ਦੀ ਸਥਿਤੀ | ਤਸ਼ਖ਼ੀਸ | ਤਸ਼ਖ਼ੀਸ ਕਰਨ ਵਾਲਾ ਡਾਕਟਰ | ਹੋਰ ਰਿਕਾਰਡ |
|---|---|---|---|
| ਬੌਧਿਕ ਅਯੋਗਤਾ | ਬੌਧਿਕ ਅਯੋਗਤਾ | ਇੱਕ ਲਾਇਸੰਸਸ਼ੁਦਾ ਮਨੋਵਿਗਿਆਨੀ, ਵਾਸ਼ਿੰਗਟਨ ਸਰਟੀਫਾਈਡ ਸਕੂਲ ਮਨੋਵਿਗਿਆਨੀ ਜਾਂ ਹੋਰ ਸਕੂਲ ਮਨੋਵਿਗਿਆਨੀ ਜੋ ਸਕੂਲ ਦੇ ਮਨੋਵਿਗਿਆਨੀਆਂ ਦੇ ਨੈਸ਼ਨਲ ਐਸੋਸੀਏਟ ਦੁਆਰਾ ਪ੍ਰਮਾਣਤ ਹਨ। | ਮੱਧਮਾਨ ਤੋਂ ਘੱਟ ਦੋ ਤੋਂ ਵੱਧ ਪ੍ਰਮਾਪ ਵਿਚਲਣਾਂ ਦੇ ਫੁਲ ਸਕੇਲ IQ (Full Scale IQ)ਸਕੋਰ ਅਤੇ ਮੱਧਮਾਨ ਤੋਂ ਘੱਟ ਦੋ ਤੋਂ ਵੱਧ ਪ੍ਰਮਾਪ ਵਿਚਲਣ ਦੇ ਅਨੁਕੂਲਣ ਸਬੰਧੀ ਹੁਨਰਾਂ ਦੇ ਟੈਸਟ ਸਕੋਰ ਸਮੇਤ ਪਿਛਲੇ 36 ਮਹੀਨਿਆਂ ਅੰਦਰ ਪੂਰੀ ਕੀਤੀ ਗਈ ਪੂਰੀ ਮਨੋਵਿਗਿਆਨਕ ਰਿਪੋਰਟ। |
| ਦਿਮਾਗੀ ਅਧਰੰਗ | ਦਿਮਾਗੀ ਅਧਰੰਗ<br>ਕਵਾਡਰੀਪਲੇਗਿਆ (ਦੋਨਾਂ ਬਾਹਵਾਂ ਅਤੇ ਦੋਨਾਂ ਲੱਤਾਂ ਦਾ ਅਧਰੰਗ)<br>ਹੇਮੀਪਲੇਗਿਆ (ਸਰੀਰ ਦੇ ਇੱਕ ਪਾਸੇ ਦਾ ਅਧਰੰਗ)<br>ਡਿਪਲੇਗਿਆ (ਸਰੀਰ ਦੇ ਦੋਨਾਂ ਪਾਸਿਆਂ ਦੇ ਹਿੱਸਿਆਂ ਦਾ ਇਕੱਠੇ ਅਧਰੰਗ ਹੋਣਾ) | ਲਾਇਸੰਸਸ਼ੁਦਾ ਚਿਕਿਤਸਕ | ਤਿੰਨ ਸਾਲ ਦੀ ਉਮਰ (3) ਤੋਂ ਪਹਿਲਾਂ ਸ਼ੁਰੂ ਅਤੇ ਦੋ ਜਾਂ ਦੋ ਤੋਂ ਵੱਧ ਖੇਤਰਾਂ (ਪਖਾਨੇ, ਨਹਾਉਣ, ਖਾਣ, ਕੱਪੜੇ ਪਹਿਨਣ, ਗਤੀਸ਼ੀਲਤਾ ਜਾਂ ਸੰਚਾਰ) ਵਿੱਚ ਰੋਜ਼ਾਨਾ ਸਿੱਧੀ ਸਰੀਰਕ ਸਹਾਇਤਾ ਦੀ ਜ਼ਰੂਰਤ ਦਾ ਸਮਰਥਨ ਕਰਨ ਵਾਲੀ ਜਾਣਕਾਰੀ। |
| ਮਿਰਗੀ | ਮਿਰਗੀ ਜਾਂ<br>ਦੌਰੇ ਦਾ ਰੋਗ | ਬੋਰਡ ਦੁਆਰਾ ਪ੍ਰਮਾਣਿਤ ਨਿਊਰੋਲੋਜਿਸਟ | ਡਾਕਟਰੀ ਪਿਛੋਕੜ ਅਤੇ ਨਿਊਰੋਲੋਜੀਕਲ ਟੈਸਟਿੰਗ ਦੇ ਅਧਾਰ ਤੇ ਤਸ਼ਖ਼ੀਸ, ਡਾਕਟਰ ਜਾਂ ਅਨਿਯੰਤ੍ਰਿਤ ਅਤੇ ਚੱਲ ਰਹੇ ਜਾਂ ਦੁਬਾਰਾ ਆਉਣ ਵਾਲੇ ਦੌਰਿਆਂ ਦੇ ਨਿਊਰੋਲੋਜਿਸਟ ਦੁਆਰਾ ਪੁਸ਼ਟੀ, ਅਤੇ ਮੱਧਮਾਨ ਤੋਂ ਘੱਟ ਦੋ ਤੋਂ ਵੱਧ ਪ੍ਰਮਾਪ ਵਿਚਲਣਾਂ ਦੇ ਅਨੁਕੂਲਣ ਸਬੰਧੀ ਹੁਨਰਾਂ ਵਿੱਚ ਕਾਫੀ ਕਮੀਆਂ ਦਿਖਾਉਂਦੇ ਹੋਏ ਅਨੁਕੂਲ ਹੁਨਰ ਟੈਸਟ । |
| ਔਟਿਜ਼ਮ<br>(ਪ੍ਰਤੀ DSM-IV-TR) | ਔਟਿਜ਼ਮ ਜਾਂ ਔਟਿਸਟਿਕ ਵਿਕਾਰ<br>DSM-IV-TR ਵਿੱਚ ਪ੍ਰਤੀ 299.00 | ਇੱਕ ਲਾਇਸੰਸਸ਼ੁਦਾ ਮਨੋਵਿਗਿਆਨੀ, ਇੱਕ ਲਾਇਸੰਸਸ਼ੁਦਾ ਚਿਕਿਤਸਕ ਜਾਂ ਇੱਕ ਔਟਿਜ਼ਮ ਸੈਂਟਰ ਨਾਲ ਸੰਬੰਧਿਤ ਏ ਆਰ ਐਨ ਪੀ (ARNP), ਵਿਕਾਸ ਸਬੰਧੀ ਕੇਂਦਰ, ਜਾਂ ਉੱਤਮਤਾ ਦਾ ਕੇਂਦਰ, ਜਾਂ ਇੱਕ ਬੋਰਡ ਦੁਆਰਾ ਪ੍ਰਮਾਣਤ: ਨਿਊਰੋਲੋਜਿਸਟ, ਮਨੋਚਿਕਿਤਸਕ, ਜਾਂ ਵਿਕਾਸ ਅਤੇ ਵਿਵਹਾਰ ਨਾਲ ਸੰਬੰਧਿਤ ਬਾਲ ਰੋਗ ਵਿਗਿਆਨੀ | ਪ੍ਰਤੀ DSM IV-TR ਦਾ ਤਸ਼ਖ਼ੀਸ ਦੇ ਸਾਰੇ ਮਾਪਦੰਡ ਪੂਰਾ ਕਰਨ ਦਾ ਮੁਲਾਂਕਣ, ਤਿੰਨ (3) ਸਾਲ ਦੀ ਉਮਰ ਤੋਂ ਪਹਿਲਾਂ ਸਮਾਜਿਕ, ਭਾਸ਼ਾ, ਸੰਚਾਰ ਦੇ ਹੁਨਰ ਜਾਂ ਪ੍ਰਤੀਕਾਂ ਨਾਲ ਸਬੰਧਿਤ ਜਾਂ ਕਲਪਨਾਤਮਕ ਖੇਡ ਵਿੱਚ ਦੇਰੀ ਨਾਲ ਜਾਂ ਅਸਧਾਰਨ ਢੰਗ ਨਾਲ ਕਿਰਿਆ ਕਰਨ ਦਾ ਸਬੂਤ, ਅਤੇ ਮੱਧਮਾਨ ਤੋਂ ਘੱਟ ਦੋ ਤੋਂ ਵੱਧ ਪ੍ਰਮਾਪ ਵਿਚਲਣ ਦੇ ਅਨੁਕੂਲਣ ਕਾਰਜਾਂ ਵਿੱਚ ਕਈ ਕਮੀਆਂ ਦਿਖਾਉਂਦੇ ਹੋਏ ਅਨੁਕੂਲਣ ਦੇ ਹੁਨਰਾਂ ਟੈਸਟ ਨੂੰ ਪੂਰਾ ਕਰ ਰਿਹਾ ਹੈ। |
| ਔਟਿਜ਼ਮ ਸਪੈਕਟ੍ਰਮ ਵਿਕਾਰ<br>(ਪ੍ਰਤੀ DSM -5) | ਔਟਿਜ਼ਮ ਸਪੈਕਟ੍ਰਮ ਵਿਕਾਰ 299.00 | ਇੱਕ ਲਾਇਸੰਸਸ਼ੁਦਾ ਮਨੋਵਿਗਿਆਨੀ, ਇੱਕ ਲਾਇਸੰਸਸ਼ੁਦਾ ਚਿਕਿਤਸਕ ਜਾਂ ਇੱਕ ਔਟਿਜ਼ਮ ਸੈਂਟਰ ਨਾਲ ਸੰਬੰਧਿਤ ਏ ਆਰ ਐਨ ਪੀ (ARNP), ਵਿਕਾਸ | ਪ੍ਰਤੀ DSM IV-TR ਦਾ ਤਸ਼ਖ਼ੀਸ ਦੇ ਸਾਰੇ ਮਾਪਦੰਡ ਪੂਰਾ ਕਰਨ ਦਾ ਮੁਲਾਂਕਣ, ਤੀਬਰਤਾ ਦੇ ਪੱਧਰ ਦੇ ਪੈਮਾਨੇ ਦੇ ਦੋਵੇਂ ਕਾਲਮਾਂ ਵਿੱਚ ਦੋ ਜਾਂ ਤਿੰਨ ਦੇ ਤੀਬਰਤਾ ਦੇ ਪੱਧਰ ਦੇ ਨਾਲ ਤਿੰਨ (3) ਸਾਲ ਦੀ ਉਮਰ ਤੋਂ ਪਹਿਲਾਂ ਦੇਰੀ ਨਾਲ ਜਾਂ ਅਸਧਾਰਨ ਢੰਗ ਨਾਲ ਕਿਰਿਆ ਕਰਨ ਦਾ ਸਬੂਤ, |

| | | | |
|---|---|---|---|
| | ਦੋਵਾਂ ਕਾਲਮਾਂ ਵਿੱਚ ਤੀਬਰਤਾ ਦੇ ਪੱਧਰ 2 ਜਾਂ 3 ਸਮੇਤ ਪ੍ਰਤੀ DSM -5 | ਸਬੰਧੀ ਕੇਂਦਰ, ਜਾਂ ਉੱਤਮਤਾ ਦਾ ਕੇਂਦਰ, ਜਾਂ ਇੱਕ ਬੋਰਡ ਦੁਆਰਾ ਪ੍ਰਮਾਣਤ: ਨਿਊਰੋਲੋਜਿਸਟ, ਮਨੋਚਿਕਿਤਸਕ, ਜਾਂ ਵਿਕਾਸ ਅਤੇ ਵਿਵਹਾਰ ਨਾਲ ਸੰਬੰਧਿਤ ਬਾਲ ਰੋਗ ਵਿਗਿਆਨੀ | ਅਤੇ ਮੱਧਮਾਨ ਤੋਂ ਘੱਟ ਦੋ ਤੋਂ ਵੱਧ ਪ੍ਰਮਾਪ ਵਿਚਲਣ ਦੇ ਅਨੁਕੂਲਣ ਕਾਰਜਾਂ ਵਿੱਚ ਕਈ ਕਮੀਆਂ ਦਿਖਾਉਂਦੇ ਹੋਏ ਅਨੁਕੂਲਣ ਦੇ ਹੁਨਰਾਂ ਟੈਸਟ ਅਤੇ ਮੱਧਮਾਨ ਤੋਂ ਘੱਟ ਇੱਕ ਜਾਂ ਵੱਧ ਪ੍ਰਮਾਪ ਵਿਚਲਣ ਦੇ FSIQ ਨੂੰ ਪੂਰਾ ਕਰ ਰਿਹਾ ਹੈ - ਜਾਂ - ਪ੍ਰਤੀ DSM- IV ਔਟਿਸਟਿਕ ਰੋਗ 299.00 ਦੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ। |
| ਬੌਧਿਕ ਅਯੋਗਤਾ ਦੀ ਤਰਾਂ ਇਕ ਹੋਰ ਨਿਊਰੋਲੌਜੀਕਲ ਜਾਂ ਹੋਰ ਤਕਲੀਫ਼। | ਨਿਊਰੋਲੋਜੀਕਲ ਅਤੇ ਕ੍ਰੋਮੋਸੋਮਲ ਵਿਕਾਰ ਜਿਸਨੂੰ ਬੌਧਿਕ ਅਤੇ ਅਨੁਕੂਲ ਹੁਨਰਾਂ ਦੇ ਘਾਟੇ ਦਾ ਕਾਰਨ ਸਮਝਿਆ ਜਾਂਦਾ ਹੈ | ਲਾਇਸੰਸਸ਼ੁਦਾ ਚਿਕਿਤਸਕ | ਮੱਧਮਾਨ ਤੋਂ ਘੱਟ 1.5 ਤੋਂ ਵੱਧ ਪ੍ਰਮਾਪ ਵਿਚਲਣਾਂ ਦੇ ਫੁਲ ਸਕੇਲ IQ (Full Scale IQ) ਸਕੋਰ ਅਤੇ ਪਿਛਲੇ 36 ਮਹੀਨਿਆਂ ਅੰਦਰ ਪੂਰੇ ਕੀਤੇ ਗਏ ਮੱਧਮਾਨ ਤੋਂ ਘੱਟ ਦੋ ਤੋਂ ਵੱਧ ਪ੍ਰਮਾਪ ਵਿਚਲਣ ਦੇ ਅਨੁਕੂਲਣ ਕਾਰਜਾਂ ਵਿੱਚ ਕਈ ਕਮੀਆਂ ਦਿਖਾਉਂਦੇ ਹੋਏ ਅਨੁਕੂਲਣ ਸਬੰਧੀ ਹੁਨਰਾਂ ਦੇ ਟੈਸਟ। |

ਨੋਟ**:** ਇਹ ਫਾਰਮ ਸਿਰਫ ਇੱਕ ਸਧਾਰਣ ਮਾਰਗਦਰਸ਼ਕਾ ਹੈ ਅਤੇ ਡੀ ਡੀ ਏ **(DDA)** ਨੂੰ ਵਾਧੂ ਜਾਣਕਾਰੀ ਜਾਂ ਮੁਲਾਂਕਣਾਂ ਦੀ ਜ਼ਰੂਰਤ ਪੈ ਸਕਦੀ ਹੈ। **ਇਹ ਦਸਤਾਵੇਜ਼ ਯੋਗਤਾ ਨਿਰਧਾਰਤ ਕਰਨ ਲਈ ਪਹਿਲਾ ਕਦਮ ਹੈ। ਡੀ ਡੀ ਏ** (**DDA) ਯੋਗਤਾ ਪ੍ਰਤੀ WAC ਚੈਪਟਰ 388-823 ਦੇ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ।**